ਇੰਡਸਟਰੀ ਨੋਟਿਸ **#25-03**
**7/1/2025**
ਤੁਰੰਤ ਜਾਰੀ ਕਰਨ ਲਈ

# ਨੋਟਿਸ: ਪਹੁੰਚਯੋਗ ਡਿਸਪੈਚ ਅਤੇ ਪਹੁੰਚਯੋਗ ਈ-ਹੇਲ ਟੈਕਸੀ ਯਾਤਰਾਵਾਂ ਲਈ ਲਾਗੂ ਪ੍ਰੇਰਕ ਢਾਂਚਾ

ਮਿਤੀ 1 ਜੁਲਾਈ, 2025 ਤੋਂ ਸ਼ੁਰੂ ਕਰਦਿਆਂ, ਡਰਾਈਵਰ ਡਿਸਪੈਚ ਫੀਸ (ਜਿਸ ਨੂੰ "deadhead" ਫੀਸ ਵੀ ਕਿਹਾ ਜਾਂਦਾ ਹੈ) ਜੋ ਡਰਾਈਵਰਾਂ ਨੂੰ ਪਹੁੰਚਯੋਗ ਡਿਸਪੈਚ ਟੈਕਸੀ ਯਾਤਰਾਵਾਂ ਨੂੰ ਪੂਰਾ ਕਰਨ ਲਈ ਪ੍ਰਾਪਤ ਹੁੰਦੀ ਹੈ, ਬਦਲ ਰਹੀ ਹੈ। ਨਵੇਂ ਪ੍ਰੇਰਕ ਦਿਸ਼ਾ-ਨਿਰਦੇਸ਼ ਹੇਠ ਲਿਖੇ ਅਨੁਸਾਰ ਹਨ:

- ਡਰਾਈਵਰ ਜੋ ਪਹੁੰਚਯੋਗ ਟੈਕਸੀ ਯਾਤਰਾਵਾਂ ਨੂੰ ਪੂਰਾ ਕਰਦੇ ਹਨ ਜਿਹਨਾਂ ਨੂੰ ਗਾਹਕਾਂ ਦੁਆਰਾ ਪਹੁੰਚਯੋਗ ਡਿਸਪੈਚ ਜਾਂ ਪਹੁੰਚਯੋਗ ਈ-ਹੇਲ ਕਾਲ ਸੈਂਟਰ ਦੁਆਰਾ ਬੁੱਕ ਕੀਤਾ ਜਾਂਦਾ ਹੈ, ਨੂੰ ਕਿਰਾਏ ਤੋਂ ਇਲਾਵਾ ਯਾਤਰਾ ਨੂੰ ਪੂਰਾ ਕਰਨ ਲਈ $10 ਦਾ ਬੋਨਸ ਮਿਲੇਗਾ।

- ਇਸ ਵੇਲੇ ਪਹੁੰਚਯੋਗ ਟੈਕਸੀ ਕਾਲ ਸੈਂਟਰ ਸੇਵਾ ਪ੍ਰਦਾਤਾ ਹੇਠਾਂ ਲਿਖੇ ਹਨ:
    - ਪਹੁੰਚਯੋਗ ਡਿਸਪੈਚ (MTM ਦੁਆਰਾ ਸੰਚਾਲਿਤ)
    - Arro ਪਹੁੰਚਯੋਗ ਈ-ਹੇਲ
    - Curb ਪਹੁੰਚਯੋਗ ਈ-ਹੇਲ
    - Myle ਪਹੁੰਚਯੋਗ ਈ-ਹੇਲ

- ਪੂਰੀਆਂ ਕੀਤੀਆਂ ਪਹੁੰਚਯੋਗ ਟੈਕਸੀ ਯਾਤਰਾਵਾਂ ਲਈ ਡਰਾਈਵਰਾਂ ਨੂੰ ਟੈਕਸੀ ਸੁਧਾਰ ਫੰਡ (TIF) ਦੁਆਰਾ ਮਹੀਨਾਵਾਰ ਅਧਾਰ 'ਤੇ ਭੁਗਤਾਨ ਕੀਤਾ ਜਾਵੇਗਾ ਜੋ ਇੱਕ ਕਾਲ ਸੈਂਟਰ ਦੁਆਰਾ ਬੁੱਕ ਕੀਤੀਆਂ ਗਈਆਂ ਹੋਣ।

- MTM ਦੁਆਰਾ ਸੰਚਾਲਿਤ ਪਹੁੰਚਯੋਗ ਡਿਸਪੈਚ, ਵੀ ਨਵੇਂ ਡਰਾਈਵਰ ਬੋਨਸ ਢਾਂਚੇ ਦਾ ਪਾਲਣ ਕਰੇਗਾ।

- TLC-ਲਾਇਸੰਸਸ਼ੁਦਾ ਈ-ਹੇਲ ਪ੍ਰਦਾਤਾਵਾਂ ਨੂੰ ਮਿਤੀ 1 ਜੁਲਾਈ, 2025 ਤੋਂ ਲਾਗੂ, TLC ਨੂੰ ਆਪਣੀ ਮਹੀਨਾਵਾਰ ਯਾਤਰਾ ਦੀਆਂ ਬੇਨਤੀਆਂ ਵਿੱਚ ਯਾਤਰਾਵਾਂ ਬੁੱਕ ਕਰਨ ਅਤੇ ਇਨ੍ਹਾਂ ਯਾਤਰਾਵਾਂ ਦੀ ਰਿਪੋਰਟ ਕਰਨ ਲਈ ਇੱਕ ਕਾਲ ਵਿਕਲਪ ਦੀ ਪੇਸ਼ਕਸ਼ ਕਰਨਾ ਲੋੜੀਂਦਾ ਹੈ।

- ਪਹੁੰਚਯੋਗ ਡਿਸਪੈਚ ਡਰਾਈਵਰ ਬੋਨਸ ਮਾਡਲ ਵਿੱਚ ਬਦਲਾਅ ਮਿਤੀ 26 ਮਾਰਚ, 2025 ਨੂੰ ਕਮਿਸ਼ਨ ਦੁਆਰਾ ਅਪਣਾਏ ਗਏ ਪਹੁੰਚਯੋਗ ਈ-ਹੇਲ ਨਿਯਮਾਂ ਵਿੱਚ ਸ਼ਾਮਲ ਕੀਤੇ ਗਏ ਸਨ।

ਪਹੁੰਚਯੋਗ ਟੈਕਸੀ ਯਾਤਰਾਵਾਂ ਲਈ ਡਰਾਇਵਰ ਦੇ ਸ੍ਰੋਤ:

- ਪਹੁੰਚਯੋਗ ਈ-ਹੇਲ
- ਟੈਕਸੀ ਸੁਧਾਰ ਫੰਡ (TIF) ਡਰਾਇਵਰ ਦਾਖਿਲਾ
- ਗਾਹਕ ਦੀ ਸਹਾਇਤਾ ਕਿਵੇਂ ਕਰੀਏ ਗਾਈਡ ਅਤੇ ਸਿਖਲਾਈ ਵੀਡਿਓਜ਼

TIF ਭੁਗਤਾਨ ਸਬੰਧੀ ਪ੍ਰਸ਼ਨਾਂ ਲਈ, TIFT@tlc.nyc.gov ਨਾਲ ਸੰਪਰਕ ਕਰੋ।

ਕਿਸੇ ਹੋਰ ਪੁੱਛਗਿੱਛਾਂ ਲਈ driversupport@tlc.nyc.gov ਨਾਲ ਸੰਪਰਕ ਕਰੋ।

**NYC ਟੈਕਸੀ ਅਤੇ ਲੀਮੋਜੀਨ ਕਮਿਸ਼ਨ**
***TLC ਕਮਿਊਨੀਕੇਸ਼ਨਜ਼***
*press@tlc.nyc.gov*
33 Beaver Street, 22nd Floor
New York, NY 10004
+1 212 676 1003 ਟੈਲੀ
+1 212 676 1100 ਫੈਕਸ